Australian Government

# ਦੀਵਾਲੀ ਜਾਂ ਰੋਸ਼ਨੀਆਂ ਦਾ ਤਿਉਹਾਰ

## ਜੈਵ-ਸੁਰੱਖਿਆ (ਬਾਇਓ-ਸਿਕ੍ਯੂਰਿਟੀ)

ਸਤੰਬਰ 2023



## ਮਹੱਤਵਪੂਰਨ ਜੈਵ-ਸੁਰੱਖਿਆ ਜਾਣਕਾਰੀ

ਵਿਦੇਸ਼ਾਂ ਤੋਂ ਆਇਆ ਭੋਜਨ, ਪੌਦਿਆਂ ਦੀ ਸਮੱਗਰੀ ਅਤੇ ਜਾਨਵਰਾਂ ਦੇ ਉਤਪਾਦ ਆਸਟ੍ਰੇਲੀਆ ਵਿੱਚ ਦੁਨੀਆ ਦੇ ਸਭ ਤੋਂ ਵੱਧ ਨੁਕਸਾਨਦੇਹ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਨੂੰ ਦਾਖ਼ਲ ਕਰ ਸਕਦੇ ਹਨ। ਇਹ ਸਾਡੇ ਵਿਲੱਖਣ ਵਾਤਾਵਰਣ ਅਤੇ ਬਹੁਮੁੱਲੇ ਖੇਤੀਬਾੜੀ ਅਤੇ ਸੈਰ-ਸਪਾਟਾ ਉਦਯੋਗਾਂ ਨੂੰ ਤਬਾਹ ਕਰ ਸਕਦਾ ਹੈ।

ਜੇਕਰ ਤੁਸੀਂ ਵਿਦੇਸ਼ ਤੋਂ ਆ ਰਹੇ ਹੋ ਜਾਂ ਤੁਹਾਡੇ ਕੋਲ ਵਿਦੇਸ਼ ਤੋਂ ਮਹਿਮਾਨ ਆ ਰਹੇ ਹਨ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ, ਤੁਹਾਡਾ ਪਰਿਵਾਰ ਅਤੇ ਮਹਿਮਾਨ ਆਸਟ੍ਰੇਲੀਆ ਦੇ ਸਖ਼ਤ ਜੈਵ-ਸੁਰੱਖਿਆ ਕਾਨੂੰਨਾਂ ਤੋਂ ਜਾਣੂ ਹੋਵੋ।

ਜੇਕਰ ਤੁਸੀਂ ਡਾਕ ਰਾਹੀਂ ਦੀਵਾਲੀ ਦੇ ਤੋਹਫ਼ਿਆਂ ਮਿਲਣ ਦੀ ਉਮੀਦ ਕਰ ਰਹੇ ਹੋ, ਤਾਂ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਤੋਹਫ਼ਿਆਂ ਨੂੰ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਇਹ ਪਤਾ ਕਰਨ ਲਈ ਕਹੋ ਕਿ ਕੀ ਉਹਨਾਂ ਉਤਪਾਦਾਂ ਨੂੰ ਆਸਟ੍ਰੇਲੀਆ ਵਿੱਚ ਆਉਣ ਦੀ ਆਗਿਆ ਹੈ ਜਾਂ ਨਹੀਂ।

## ਅਸੀਂ ਜੈਵ-ਸੁਰੱਖਿਆ ਜ਼ੋਖਮ ਵਾਲੀਆਂ ਵਸਤਾਂ ਨੂੰ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਤੋਂ ਕਿਵੇਂ ਰੋਕਦੇ ਹਾਂ?

ਯਾਤਰਾ ਵਿੱਚ ਲਿਆਂਦੇ ਸਮਾਨ ਅਤੇ ਅੰਤਰਰਾਸ਼ਟਰੀ ਡਾਕ ਰਾਹੀਂ ਆਈਆਂ ਚੀਜ਼ਾਂ ਦਾ ਮੁਲਾਂਕਣ ਉਹਨਾਂ ਚੀਜ਼ਾਂ ਦੀ ਪਛਾਣ ਕਰਨ ਲਈ ਕੀਤਾ ਜਾਂਦਾ ਹੈ ਜੋ ਕੀੜੇ-ਮਕੌੜੇ ਅਤੇ ਬਿਮਾਰੀਆਂ ਲਿਆ ਸਕਦੀਆਂ ਹਨ। ਇਸ ਵਿੱਚ ਜੈਵ-ਸੁਰੱਖਿਆ ਅਧਿਕਾਰੀਆਂ ਦੁਆਰਾ ਯਾਤਰੀਆਂ ਤੋਂ ਪੁੱਛਗਿੱਛ ਕਰਨਾ, ਜਾਂ ਐਕਸ-ਰੇ, ਖੋਜੀ ਕੁੱਤਿਆਂ ਅਤੇ/ਜਾਂ ਹੱਥੀਂ ਜਾਂਚ ਦੀ ਵਰਤੋਂ ਕਰਕੇ ਜਾਂਚ-ਪੜਤਾਲ ਕਰਨਾ ਸ਼ਾਮਲ ਹੋ ਸਕਦਾ ਹੈ।

## ਉਤਪਾਦ ਜੋ ਜੈਵ-ਸੁਰੱਖਿਆ ਜ਼ੋਖਮ ਪੇਸ਼ ਕਰਦੇ ਹਨ

ਜੋ ਦੀਵਾਲੀ ਦੇ ਤੋਹਫ਼ੇ ਜੀਵ-ਸੁਰੱਖਿਆ ਜ਼ੋਖਮ ਪੈਦਾ ਕਰ ਸਕਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਬਰਫ਼ੀ, ਰਸ ਮਲਾਈ, ਰਸਗੁੱਲੇ ਅਤੇ ਪੇੜੇ ਵਰਗੀਆਂ ਮਿਠਾਈਆਂ
- ਡੇਅਰੀ ਵਾਲੇ ਉਤਪਾਦ
- ਤਾਜ਼ੇ ਫ਼ਲ ਅਤੇ ਸੁੱਕੇ ਮੇਵੇ
- ਮਸਾਲੇ ਅਤੇ ਚਾਹ
- ਕੱਚੇ ਮੇਵੇ, ਬੀਜ ਅਤੇ ਜੜੀ-ਬੂਟੀਆਂ
- ਫੁੱਲ ਅਤੇ ਪੌਦਿਆਂ ਦੀ ਸਮੱਗਰੀ।

## ਦੀਵਾਲੀ ਦੇ ਜੋ ਤੋਹਫ਼ੇ ਜੈਵ-ਸੁਰੱਖਿਆ ਖ਼ਤਰਾ ਪੈਦਾ ਨਹੀਂ ਕਰਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

ਦੀਵਾਲੀ ਦੇ ਜੋ ਤੋਹਫ਼ੇ ਜੈਵ-ਸੁਰੱਖਿਆ ਖ਼ਤਰਾ ਪੈਦਾ ਨਹੀਂ ਕਰਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਨਕਲੀ ਫੁੱਲ
- ਕੱਪੜੇ, ਸੋਨੇ ਜਾਂ ਚਾਂਦੀ ਦੇ ਮਣਕੇ ਅਤੇ ਸਿੱਕੇ
- ਨਿੱਜੀ ਫ਼ੋਟੋਆਂ ਵਾਲੀਆਂ ਚੀਜ਼ਾਂ।

## ਆਸਟ੍ਰੇਲੀਆ ਨੂੰ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਵਿੱਚ ਸਹਾਇਤਾ ਕਰੋ

- ਆਪਣੇ ਦੀਵਾਲੀ ਦੇ ਤੋਹਫ਼ੇ ਆਸਟ੍ਰੇਲੀਆ ਵਿੱਚੋਂ ਖ਼ਰੀਦੋ।
- ਕਿਸੇ ਉਤਪਾਦ ਨੂੰ ਆਸਟ੍ਰੇਲੀਆ ਲਿਆਉਣ ਜਾਂ ਡਾਕ ਰਾਹੀਂ ਭੇਜਣ ਤੋਂ ਪਹਿਲਾਂ, **agriculture.gov.au/mailing-bringing-goods** 'ਤੇ ਜਾ ਕੇ ਪਤਾ ਕਰੋ ਕਿ ਕੀ ਉਸ ਉਤਪਾਦ ਨੂੰ ਆਸਟ੍ਰੇਲੀਆ ਵਿੱਚ ਆਉਣ ਦੀ ਆਗਿਆ ਹੈ ਜਾਂ ਨਹੀਂ।
- ਆਸਟ੍ਰੇਲੀਆ ਆਉਂਦੇ ਸਮੇਂ ਤੁਹਾਨੂੰ ਲਾਜ਼ਮੀ ਆਪਣੇ ਆਗਮਨ ਯਾਤਰੀ ਕਾਰਡ (ਇਨਕਮਿੰਗ ਪੈਸੰਜਰ ਕਾਰਡ) ਨੂੰ ਸੱਚਾਈ ਨਾਲ ਪੂਰਾ ਕਰਨਾ ਚਾਹੀਦਾ ਹੈ ਅਤੇ ਉਲੰਘਣਾ ਜੁਰਮਾਨਾ ਨੋਟਿਸ ਤੋਂ ਬਚਣ ਲਈ ਕੋਈ ਵੀ ਲਿਆਂਦੇ ਗਏ ਪੌਦਿਆਂ ਅਤੇ ਜਾਨਵਰਾਂ ਦੇ ਉਤਪਾਦਾਂ ਬਾਰੇ ਘੋਸ਼ਣਾ ਕਰਨੀ ਚਾਹੀਦੀ ਹੈ।
- ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਇਹ ਪਤਾ ਕਰਨ ਲਈ ਕਹੋ ਕਿ ਕੀ ਉਹ ਤੋਹਫ਼ੇ ਜੋ ਉਹ ਆਸਟ੍ਰੇਲੀਆ ਲਿਆਉਣਾ ਜਾਂ ਡਾਕ ਰਾਹੀਂ ਭੇਜਣਾ ਚਾਹੁੰਦੇ ਹਨ, ਉਹਨਾਂ ਦੀ ਆਸਟ੍ਰੇਲੀਆ ਵਿੱਚ ਲਿਆਉਣ ਦੀ ਆਗਿਆ ਹੈ ਜਾਂ ਨਹੀਂ।





## ਦੀਵਾਲੀ ਦੇ ਤੋਹਫ਼ੇ ਆਸਟ੍ਰੇਲੀਆ ਵਿੱਚ ਲਿਆਉਣਾ ਜਾਂ ਡਾਕ ਰਾਹੀਂ ਭੇਜਣਾ

ਜੇਕਰ ਤੁਸੀਂ ਆਸਟ੍ਰੇਲੀਆ ਆ ਰਹੇ ਹੋ ਅਤੇ ਦੀਵਾਲੀ ਦੇ ਤੋਹਫ਼ੇ ਲਿਆ ਰਹੇ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਪਹੁੰਚਣ ਤੋਂ ਪਹਿਲਾਂ ਇੱਕ ਆਗਮਨ ਯਾਤਰੀ ਕਾਰਡ ਦਿੱਤਾ ਜਾਵੇਗਾ। ਜੇਕਰ ਤੁਸੀਂ ਭੋਜਨ, ਪੌਦਿਆਂ ਦੀ ਸਮੱਗਰੀ ਜਾਂ ਜਾਨਵਰਾਂ ਦੇ ਉਤਪਾਦ ਲੈ ਕੇ ਜਾ ਰਹੇ ਹੋ ਤਾਂ ਤੁਹਾਨੂੰ ਲਾਜ਼ਮੀ "ਹਾਂ (Yes)" 'ਤੇ ਨਿਸ਼ਾਨ ਲਗਾਉਣਾ ਚਾਹੀਦਾ ਹੈ। ਤੁਹਾਨੂੰ ਨਿਰੀਖਣ ਕੀਤੇ ਜਾਣ ਤੋਂ ਪਹਿਲਾਂ ਜੈਵ-ਸੁਰੱਖਿਆ ਜ਼ੋਖਮ ਵਾਲੇ ਕਿਸੇ ਵੀ ਮਾਲ ਦੀ ਲਾਜ਼ਮੀ ਘੋਸ਼ਣਾ ਕਰਨੀ ਜਾਂ ਇਸਦਾ ਨਿਪਟਾਰਾ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਕਿਸੇ ਬਾਇਓਸਕਿਊਰਿਟੀ ਅਫ਼ਸਰ ਨੂੰ ਜਾਂ ਆਪਣੇ ਆਗਮਨ ਯਾਤਰੀ ਕਾਰਡ 'ਤੇ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦਿੰਦੇ ਹੋ, ਜਾਂ ਜੇਕਰ ਤੁਸੀਂ ਸਮਾਨ ਬਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਅਸਫ਼ਲ ਰਹਿੰਦੇ ਹੋ ਜਾਂ ਕਿਸੇ ਬਾਇਓਸਕਿਊਰਿਟੀ ਅਫ਼ਸਰ ਦੁਆਰਾ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੇ ਹੋ, ਤਾਂ:

- ਤੁਹਾਨੂੰ ਉਲੰਘਣਾ ਜ਼ੁਰਮਾਨਾ ਨੋਟਿਸ ਦਿੱਤਾ ਜਾ ਸਕਦਾ ਹੈ।
- ਤੁਸੀਂ ਸਿਵਲ ਜ਼ੁਰਮਾਨੇ ਕੀਤੇ ਜਾਣ ਦੀ ਕਾਰਵਾਈ ਦੇ ਅਧੀਨ ਹੋ ਸਕਦੇ ਹੋ, ਅਤੇ/ ਜਾਂ
- ਤੁਹਾਡੇ 'ਤੇ ਅਪਰਾਧਿਕ ਅਪਰਾਧ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਤੁਹਾਡਾ ਵੀਜ਼ਾ ਵੀ ਰੱਦ ਕੀਤਾ ਜਾ ਸਕਦਾ ਹੈ, ਅਤੇ ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਜਾਵੇਗਾ ਅਤੇ ਤੁਸੀਂ ਤਿੰਨ ਸਾਲਾਂ ਤੱਕ ਦੁਬਾਰਾ ਆਸਟ੍ਰੇਲੀਆ ਆਉਣ ਲਈ ਅਰਜ਼ੀ ਦੇਣ ਦੇ ਯੋਗ ਨਹੀਂ ਹੋਵੋਗੇ।

ਜੇਕਰ ਤੁਸੀਂ ਸਾਰੀਆਂ ਚੀਜ਼ਾਂ ਦਾ ਐਲਾਨ ਕਰਦੇ ਹੋ ਅਤੇ ਦਿਖਾਉਂਦੇ ਹੋ, ਭਾਵੇਂ ਉਹਨਾਂ ਦੀ ਆਸਟ੍ਰੇਲੀਆ ਵਿੱਚ ਲਿਆਉਣ ਦੀ ਆਗਿਆ ਨਾ ਵੀ ਹੋਵੇ ਤਾਂ ਤੁਹਾਨੂੰ *ਬਾਇਓਸਕਿਉਰਿਟੀ ਐਕਟ* 2015 ਦੇ ਤਹਿਤ ਜ਼ੁਰਮਾਨਾ ਨਹੀਂ ਲਗਾਇਆ ਜਾਵੇਗਾ।

ਜੇਕਰ ਤੁਸੀਂ ਡਾਕ ਰਾਹੀਂ ਦੀਵਾਲੀ ਦੇ ਤੋਹਫ਼ੇ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਹਾਡਾ ਪਰਿਵਾਰ ਅਤੇ ਦੋਸਤ ਸਾਰੀਆਂ ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਵਸਤੂਆਂ ਨੂੰ ਸਹੀ ਢੰਗ ਨਾਲ ਸੂਚੀਬੱਧ ਕਰਦੇ ਹਨ ਅਤੇ ਲਾਗੂ ਹੁੰਦਾ ਡਾਕ ਘੋਸ਼ਣਾ ਲੇਬਲ ਜਾਂ ਫਾਰਮ ਭਰਦੇ ਹਨ।

ਜੇਕਰ ਤੁਹਾਡੇ ਸਾਮਾਨ ਨੂੰ ਸੋਧੇ ਜਾਣ ਦੀ ਲੋੜ ਹੈ, ਤਾਂ ਤੁਹਾਨੂੰ ਸੁਧਾਈ ਕੀਤੇ ਜਾਣ ਲਈ ਭੁਗਤਾਨ ਕਰਨ ਦਾ ਵਿਕਲਪ ਦਿੱਤਾ ਜਾਵੇਗਾ। ਸੁਧਾਈ ਕੀਤੇ ਜਾਣ ਤੋਂ ਬਾਅਦ ਤੁਹਾਨੂੰ ਚੀਜ਼ਾਂ ਭੇਜਣ ਵਿੱਚ ਕਈ ਹਫ਼ਤੇ ਲੱਗ ਸਕਦੇ ਹਨ। ਜਿੱਥੇ ਸੁਧਾਈ ਕੀਤੇ ਜਾਣ ਦਾ ਵਿਕਲਪ ਉਪਲਬਧ ਨਹੀਂ ਹੈ, ਉੱਥੇ ਚੀਜ਼ਾਂ ਨੂੰ ਆਸਟ੍ਰੇਲੀਆ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਤੁਹਾਨੂੰ ਸੂਚਿਤ ਕੀਤਾ ਜਾਵੇਗਾ।